# 10

# ਪਰਿਵਾਰਕ ਕਾਨੂੰਨ ਵਿੱਚ ਜਾਇਦਾਦ ਦੀ ਵੰਡ ਕਿਸ ਤਰ੍ਹਾਂ ਕੀਤੀ ਜਾਂਦੀ ਹੈ

PJB 010

ਓਨਟਾਰਿਓ ਵਿੱਚ ਔਰਤਾਂ ਲਈ ਪਰਿਵਾਰਕ ਕਾਨੂੰਨ



## ਸਾਰੀਆਂ ਔਰਤਾਂ। ਇੱਕੋ ਪਰਿਵਾਰਕ ਕਾਨੂੰਨ।

ਆਪਣੇ ਹੱਕ ਜਾਣੋ।

flew Family Law Education for Women
Women's Right to Know

fodf Femmes ontariennes et droit de la famille
Le droit de savoir

# ਪਰਿਵਾਰਕ ਕਾਨੂੰਨ ਵਿੱਚ ਜਾਇਦਾਦ ਦੀ ਵੰਡ ਕਿਸ ਤਰ੍ਹਾਂ ਕੀਤੀ ਜਾਂਦੀ ਹੈ

*ਇਸ ਕਿਤਾਬਚੇ ਦਾ ਮਕਸਦ ਤੁਹਾਨੂੰ ਕਾਨੂੰਨੀ ਮਸਲਿਆਂ ਬਾਰੇ ਬੁਨਿਆਦੀ ਜਾਣਕਾਰੀ ਦੇਣਾ ਹੈ। ਇਹ ਵਿਅਕਤੀਗਤ ਕਾਨੂੰਨੀ ਸਲਾਹ ਅਤੇ ਸਹਾਇਤਾ ਵਾਸਤੇ ਵਿਕਲਪ ਨਹੀਂ ਹੈ। ਜੇ ਤੁਸੀਂ ਪਰਿਵਾਰਕ ਕਾਨੂੰਨ ਦੇ ਮਸਲਿਆਂ ਨਾਲ ਨਜਿੱਠ ਰਹੇ ਹੋ, ਤਾਂ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੀਆਂ ਚੋਣਾਂ ਸਮਝਣ ਅਤੇ ਆਪਣੇ ਹੱਕਾਂ ਦੀ ਰੱਖਿਆ ਕਰਨ ਲਈ ਜਿੰਨੀ ਜਲਦੀ ਸੰਭਵ ਹੋਏ ਕਾਨੂੰਨੀ ਸਲਾਹ ਪ੍ਰਾਪਤ ਕਰੋ। ਪਰਿਵਾਰਕ ਕਾਨੂੰਨ ਦਾ ਵਕੀਲ ਕਿਵੇਂ ਲੱਭਣਾ ਹੈ ਅਤੇ ਉਸ ਲਈ ਭੁਗਤਾਨ ਕਿਵੇਂ ਕਰਨਾ ਹੈ ਬਾਰੇ ਹੋਰ ਜਾਣਕਾਰੀ ਲਈ, ਸਾਡਾ ਕਿਤਾਬਚਾ "ਪਰਿਵਾਰਕ ਕਾਨੂੰਨ ਨਾਲ ਸੰਬੰਧਤ ਤੁਹਾਡੀ ਸਮੱਸਿਆ ਲਈ ਸਹਾਇਤਾ ਲੱਭਣਾ" ਦੇਖੋ। ਤੁਸੀਂ "ਘਰੇਲੂ ਇਕਰਾਰਨਾਮਿਆਂ" ਤੇ ਸਾਡਾ ਕਿਤਾਬਚਾ ਪੜ੍ਹਨਾ ਚਾਹ ਸਕਦੇ ਹੋ ਜਾਂ "ਲੁਕਿੰਗ ਫਾਰ ਏ ਫੈਮਲੀ ਲਾਅ ਲੌਇਰ", "ਪ੍ਰੌਪਰਟੀ ਰਾਇਟਸ ਐਂਡ ਔਬਲੀਗੇਸ਼ਨਜ਼ ਆਫ ਮੈਰਿਡ ਐਂਡ ਕੋ-ਹੈਬੀਟਿੰਗ ਪਾਰਟਨਰਜ਼" ਅਤੇ ਪਰਿਵਾਰਕ ਕਾਨੂੰਨ ਦੇ ਦੂਸਰੇ ਵਿਸ਼ਿਆਂ ਤੇ ਸਾਡੇ ਵੈਬੀਨਾਰ ਵੀ ਦੇਖਣਾ ਚਾਹ ਸਕਦੇ ਹੋ। ਇਹ ਸਾਰੇ ਸਾਧਨ www.onefamilylaw.ca ਤੇ ਸਾਡੀ ਵੈੱਬਸਾਇਟ ਤੇ ਹਨ।*

ਜਦੋਂ ਤੁਸੀਂ ਅਤੇ ਤੁਹਾਡਾ ਸਾਥੀ ਵੱਖਰੇ ਹੁੰਦੇ ਹੋ, ਤਾਂ ਤੁਹਾਨੂੰ ਵੰਡ ਕਰਨੀ ਪਏਗੀ ਕਿ ਤੁਹਾਡੇ ਕੋਲ ਪਰਿਵਾਰ ਦੀ ਤਰ੍ਹਾਂ ਜਿਹੜੀ ਜਾਇਦਾਦ ਸੀ ਉਸ ਵਿੱਚੋਂ ਕਿਸ ਨੂੰ ਕਿਹੜੀ ਜਾਇਦਾਦ ਮਿਲੇਗੀ। **ਜਾਇਦਾਦ** ਦਾ ਮਤਲਬ ਹੈ ਕੋਈ ਵੀ ਚੀਜ਼ ਜਿਸਦਾ ਮਾਲਕ ਇੱਕ ਵਿਅਕਤੀ ਹੈ ਜਿਵੇਂ ਕਿ ਘਰ, ਕਾਰ, ਨਿਜੀ ਅਤੇ ਘਰੇਲੂ ਵਸਤੂਆਂ, ਪੈਨਸ਼ਨਾਂ, ਬੈਂਕ ਅਕਾਉਂਟ ਅਤੇ ਕੋਈ ਵੀ ਦੂਸਰੇ ਨਿਵੇਸ਼। ਜਾਇਦਾਦ ਵਿੱਚ **ਕਰਜ਼ੇ** ਵੀ ਸ਼ਾਮਲ ਹਨ। ਕਰਜ਼ਾ ਉਹ ਪੈਸੇ ਵਾਪਸ ਕਰਨ ਦਾ ਵਾਅਦਾ ਹੈ ਜਿਹੜੇ ਉਧਾਰ ਲਏ ਗਏ ਸੀ। ਕਰਜ਼ਿਆਂ ਵਿੱਚ ਸ਼ਾਮਲ ਹੋ ਸਕਦੇ ਹਨ ਘਰ ਤੇ ਮਾਰਟਗੇਜ, ਕਾਰ ਲੀਜ਼ ਜਾਂ ਲੋਨ।

ਕੁਝ ਜਾਇਦਾਦਾਂ ਦਾ ਮੁੱਲ ਸਮੇਂ ਦੇ ਨਾਲ ਬਦਲ ਸਕਦਾ ਹੈ ਜਿਵੇਂ ਕਿ ਜਮੀਨ, ਇੱਕ ਕਾਰੋਬਾਰ,ਬੈਂਕ ਅਕਾਉਂਟ ਅਤੇ ਨਿਵੇਸ਼। ਜਦੋਂ ਜੋੜੇ ਪਰਿਵਾਰਕ ਸੰਪਤੀ ਨੂੰ ਵੰਡਦੇ ਹਨ ਤਾਂ ਉਹ ਆਮਤੌਰ ਤੇ ਜਾਇਦਾਦ ਦਾ ਜਿਹੜਾ ਮੁੱਲ ਵਰਤਦੇ ਹਨ ਉਹ ਪੈਸਿਆਂ ਦੀ ਉਹ ਰਕਮ ਹੁੰਦੀ ਹੈ ਜਿਹੜਾ ਉਸ ਦਿਨ ਜਾਇਦਾਦ ਦਾ ਮੁੱਲ ਸੀ ਜਿਸ ਦਿਨ ਸਾਥੀ ਵੱਖਰੇ ਹੋਏ ਸਨ ਅਤੇ ਉਨ੍ਹਾਂ ਨੂੰ ਪਤਾ ਸੀ ਹੁਣ ਉਹ ਮੁੜ ਕੇ ਵਾਪਸ ਇਕੱਠੇ ਨਹੀਂ ਹੋਣਗੇ।

ਜਦੋਂ ਸਾਥੀ ਵੱਖਰੇ ਹੁੰਦੇ ਹਨ, ਤਾਂ ਉਸ ਜਾਇਦਾਦ ਨੂੰ ਵੰਡਣ ਲਈ ਕਾਨੂੰਨੀ ਨਿਯਮ ਹਨ ਜਿਹੜੀ ਉਨ੍ਹਾਂ ਦੇ ਰਿਸ਼ਤੇ ਦੇ ਦੌਰਾਨ ਉਨ੍ਹਾਂ ਕੋਲ ਸੀ। ਪਰਿਵਾਰਕ ਜਾਇਦਾਦ ਨੂੰ ਵੰਡਣ ਲਈ ਨਿਯਮ ਬਹੁਤ ਜਟਿਲ ਹੋ ਸਕਦੇ ਹਨ। ਜੇ ਤੁਸੀਂ ਇਸ ਸਥਿਤੀ ਵਿੱਚ ਹੋ, ਤਾਂ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਪਰਿਵਾਰਕ ਕਾਨੂੰਨ ਦੇ ਵਕੀਲ ਕੋਲੋਂ ਕਾਨੂੰਨੀ ਸਲਾਹ ਪ੍ਰਾਪਤ ਕਰੋ।

ਓਨਟਾਰਿਓ ਵਿੱਚ, ਜਦੋਂ ਸਾਥੀ ਵੱਖਰੇ ਹੁੰਦੇ ਹਨ ਤਾਂ ਉਨ੍ਹਾਂ ਦੀ ਜਾਇਦਾਦ ਕਿਵੇਂ ਵੰਡੀ ਜਾਂਦੀ ਹੈ ਇਹ ਇਸ ਤੇ ਨਿਰਭਰ ਕਰਦਾ ਹੈ ਕਿ ਉਹ ਕਾਨੂੰਨੀ ਤੌਰ ਤੇ ਵਿਆਹੇ ਹੋਏ ਹਨ ਜਾਂ ਨਹੀਂ। ਵਿਆਹੇ ਹੋਏ ਜੋੜੇ ਆਪਣੇ ਆਪ ਹੀ ਪਰਿਵਾਰਕ ਜਾਇਦਾਦ ਦੇ ਮੁੱਲ ਨੂੰ ਸਾਂਝਾ ਕਰਦੇ ਹਨ ਜੇ ਉਹ ਵੱਖਰੇ ਹੁੰਦੇ ਹਨ। ਉਹ ਜੋੜੇ ਜਿਹੜੇ ਇਕੱਠੇ ਰਹਿੰਦੇ ਹਨ,ਪਰ ਕਾਨੂੰਨੀ ਤੌਰ ਤੇ ਵਿਆਹੇ ਹੋਏ ਨਹੀਂ ਹਨ, ਕੋਲ ਸਾਂਝੀ ਜਾਇਦਾਦ ਤੇ ਕੁਝ ਹੱਕ ਹੋ ਸਕਦੇ ਹਨ, ਪਰ ਉਨ੍ਹਾਂ ਨੂੰ ਇਹ ਹੱਕ ਆਪਣੇ ਆਪ ਨਹੀਂ ਹੁੰਦਾ ਅਤੇ ਸੰਭਵ ਹੈ ਕਿ ਫੈਸਲਾ ਅਦਾਲਤ ਨੂੰ ਕਰਨਾ ਪਏ।

## ਵਿਆਹੇ ਹੋਏ ਜੋੜਿਆਂ ਲਈ ਜਾਇਦਾਦ ਕਿਵੇਂ ਵੰਡੀ ਜਾਂਦੀ ਹੈ

ਕਾਨੂੰਨ ਵਿਆਹ ਨੂੰ ਇੱਕ ਆਰਥਿਕ ਸਾਂਝੀਦਾਰੀ ਦੀ ਤਰ੍ਹਾਂ ਦੇਖਦਾ ਹੈ ਅਤੇ ਮੰਨਦਾ ਹੈ ਕਿ ਵਿਆਹੇ ਹੋਏ ਹਰ ਜੀਵਨ-ਸਾਥੀ ਨੇ, ਮਾਲੀ ਤੌਰ ਤੇ ਅਤੇ ਦੂਸਰੇ ਢੰਗਾਂ ਨਾਲ, ਰਿਸ਼ਤੇ ਵਿੱਚ ਬਰਾਬਰ ਦਾ ਯੋਗਦਾਨ ਪਾਇਆ ਹੈ। ਜਦੋਂ ਵਿਆਹੇ ਹੋਏ ਜੋੜੇ ਵੱਖਰੇ ਹੁੰਦੇ ਹਨ, ਤਾਂ ਆਮ ਨਿਯਮ ਇਹ ਹੈ ਕਿ ਪਤੀ/ਪਤਨੀ ਨੂੰ ਅਜਿਹੀ ਕਿਸੀ ਵੀ ਜਾਇਦਾਦ ਦੇ ਮੁੱਲ ਨੂੰ ਬਰਾਬਰ ਸਾਂਝਾ ਕਰਨਾ ਚਾਹੀਦਾ ਹੈ ਜਿਹੜੀ ਵਿਆਹ ਦੇ ਦੌਰਾਨ ਪ੍ਰਾਪਤ ਕੀਤੀ ਗਈ ਸੀ ਅਤੇ ਜਿਸਦੇ ਉਹ ਵੱਖਰੇ ਹੋਣ ਸਮੇਂ ਵੀ ਮਾਲਕ ਹਨ। ਆਮਤੌਰ ਤੇ ਹਰੇਕ ਜੀਵਨ-ਸਾਥੀ ਆਪਣੀ ਜਾਇਦਾਦ ਰੱਖਦਾ ਹੈ, ਪਰ ਉਨ੍ਹਾਂ ਲਈ ਵਿਆਹ ਦੇ ਦੌਰਾਨ ਉਨ੍ਹਾਂ ਦੀ ਜਾਇਦਾਦ ਦੇ ਮੁੱਲ ਵਿੱਚ ਹੋਏ ਵਾਧੇ ਨੂੰ ਸਾਂਝਾ ਕਰਨਾ ਜਰੂਰੀ ਹੈ, ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਉਸ ਲਈ ਭੁਗਤਾਨ ਕਿਸ ਨੇ ਕੀਤਾ ਸੀ ਜਾਂ ਕਾਨੂੰਨੀ ਤੌਰ ਤੇ ਉਸ ਜਾਇਦਾਦ ਤੇ ਕਿਸ ਦਾ ਨਾਮ ਹੈ। ਅਜਿਹਾ ਕਰਨ ਵਾਸਤੇ, ਇੱਕ ਜੀਵਨ-ਸਾਥੀ ਨੂੰ ਆਮਤੌਰ ਤੇ ਦੂਸਰੇ ਜੀਵਨ-ਸਾਥੀ ਨੂੰ ਪੈਸਿਆਂ ਦਾ ਭੁਗਤਾਨ ਕਰਨਾ ਚਾਹੀਦਾ ਹੈ, ਜਿਸ ਨੂੰ ਇੱਕ "**ਸਮਾਨੀਕਰਨ ਅਦਾਇਗੀ**" (**"equalization payment"**) ਕਿਹਾ ਜਾਂਦਾ ਹੈ। ਸਮਾਨੀਕਰਨ ਅਦਾਇਗੀ ਦਾ ਹਿਸਾਬ ਲਗਾਉਣ ਲਈ ਕਦਮ ਹੇਠਾਂ ਸਮਝਾਏ ਗਏ ਹਨ।

## ਪਰਿਵਾਰਕ ਜਾਇਦਾਦ ਵੰਡਣ ਦੀ ਵਿਧੀ ਕੀ ਹੈ?

ਵਿਆਹੇ ਹੋਏ ਜੋੜਿਆਂ ਲਈ, ਜੀਵਨ-ਸਾਥੀਆਂ ਵਿਚਕਾਰ ਪਰਿਵਾਰਕ ਜਾਇਦਾਦ ਨੂੰ ਵੰਡਣ ਦੀ ਵਿਧੀ ਨੂੰ **ਸਮਾਨੀਕਰਨ** (**equalization**) ਕਿਹਾ ਜਾਂਦਾ ਹੈ। ਸਮਾਨੀਕਰਨ ਪ੍ਰਕਿਰਿਆ ਵਿੱਚ ਦੋ ਮੁੱਖ ਕਦਮ ਹੁੰਦੇ ਹਨ।

**ਸਟੈਪ 1: ਕੁਲ ਪਰਿਵਾਰਕ ਸੰਪਤੀ (ਨੈੱਟ ਫੈਮਲੀ ਪ੍ਰਾਪਰਟੀ) (ਐਨਐਫਪੀ) ਅੰਕਣਾ**

ਹਰੇਕ ਜੀਵਨ-ਸਾਥੀ ਨੂੰ ਇਹ ਅੰਕਣਾ ਚਾਹੀਦਾ ਹੈ ਕਿ ਕਰਜ਼ੇ ਘਟਾ ਕੇ ਉਸ ਦੀ ਸਾਰੀ ਜਾਇਦਾਦ ਦੀ ਕੀਮਤ ਕਿੰਨੀ ਹੈ, ਜਿਸ ਨੂੰ ਇੱਕ ਵਿਅਕਤੀ ਦੀ **ਕੁਲ ਪਰਿਵਾਰਕ ਸੰਪਤੀ (ਐਨਪੀਐਫ)** ਕਿਹਾ ਜਾਂਦਾ ਹੈ।

ਇਹ ਕਰਨ ਵਾਸਤੇ, ਹਰੇਕ ਜੀਵਨ-ਸਾਥੀ ਕਰਜ਼ੇ ਘਟਾ ਕੇ ਉਨ੍ਹਾਂ ਦੀ ਸਾਰੀ ਜਾਇਦਾਦ ਦੇ ਮੁੱਲ ਨੂੰ ਜੰਮ੍ਹਾਂ ਕਰਦਾ ਹੈ, ਪਹਿਲਾਂ ਉਨ੍ਹਾਂ ਦੇ ਵਿਆਹ ਦੀ ਤਾਰੀਖ ਤੇ, ਅਤੇ ਫਿਰ ਉਨਾਂ ਦੀ ਅਲਹਿਦਗੀ ਦੀ ਤਾਰੀਖ ਤੇ। ਕੁਲ ਪਰਿਵਾਰਕ ਸੰਪਤੀ ਦੀ ਗਣਨਾ ਨੂੰ ਖਤਮ ਕਰਨ ਲਈ, ਤੁਸੀਂ ਅਲਹਿਦਗੀ ਦੀ ਤਾਰੀਖ ਤੇ ਕਰਜ਼ੇ ਘਟਾ ਕੇ ਸਾਰੀ ਸੰਪਤੀ ਦੀ ਕੀਮਤ ਲੈਂਦੇ ਹੋ ਅਤੇ ਉਸ ਵਿੱਚੋਂ ਵਿਆਹ ਦੀ ਤਾਰੀਖ ਤੇ ਕਰਜ਼ੇ ਘਟਾ ਕੇ ਸਾਰੀ ਸੰਪਤੀ ਦੀ ਕੀਮਤ ਨੂੰ ਘਟਾਉਂਦੇ ਹੋ। ਮਿਸਾਲ ਵਾਸਤੇ:

**ਜੀਵਨ - ਸਾਥੀ ਏ - ਕੁਲ ਸੰਪਤੀ ਕਰਜ਼ੇ ਘਟਾ ਕੇ**

| | |
|---|---|
| ਅਲਹਿਦਗੀ ਦੀ ਤਾਰੀਖ : | $120,000 |
| ਵਿਆਹ ਦੀ ਤਾਰੀਖ : | $50,000 |
| ਅਲਹਿਦਗੀ – ਵਿਆਹ = | $70,000 |

**ਜੀਵਨ ਸਾਥੀ ਏ ਲਈ ਕੁਲ ਪਰਿਵਾਰਕ ਸੰਪਤੀ**
**(Net Family Property (NFP)) = $70,000**

**ਜੀਵਨ - ਸਾਥੀ ਬੀ - ਕੁਲ ਸੰਪਤੀ ਕਰਜ਼ੇ ਘਟਾ ਕੇ**

| | |
|---|---|
| ਅਲਹਿਦਗੀ ਦੀ ਤਾਰੀਖ : | $45,000 |
| ਵਿਆਹ ਦੀ ਤਾਰੀਖ : | $25,000 |
| ਅਲਹਿਦਗੀ – ਵਿਆਹ = | $20,000 |

**ਜੀਵਨ ਸਾਥੀ ਬੀ ਲਈ ਕੁਲ ਪਰਿਵਾਰਕ ਸੰਪਤੀ**
**(Net Family Property (NFP)) = $20,000**

**ਸਟੈਪ 2: ਪਰਿਵਾਰਕ ਜਾਇਦਾਦ ਵਿੱਚ ਵਾਧੇ ਨੂੰ ਬਰਾਬਰ ਸਾਂਝਾ ਕਰੋ**

ਹਰੇਕ ਜੀਵਨ-ਸਾਥੀ ਦੇ ਆਪਣੀ ਕੁਲ ਪਰਿਵਾਰਕ ਸੰਪਤੀ (Net Family Property (NFP)) ਦਾ ਅੰਕਣ ਕਰਨ ਦੇ ਬਾਅਦ, ਜਿਆਦਾ ਐਨਪੀਐਫ ਵਾਲੇ ਜੀਵਨ - ਸਾਥੀ ਲਈ ਉਸ ਵਿਚੋਂ ਕੁਝ ਦੂਸਰੇ ਜੀਵਨ – ਸਾਥੀ, ਜਿਸ ਦਾ ਐਨਪੀਐਫ $20,000 ਹੈ, ਦੇ ਨਾਲ ਸਾਂਝਾ ਕਰਨਾ ਜਰੂਰੀ ਹੈ। ਇਸ ਮਿਸਾਲ ਵਿੱਚ, $70,000 ਐਨਪੀਐਫ ਵਾਲੇ ਜੀਵਨ - ਸਾਥੀ ਲਈ ਉਸ ਵਿੱਚੋਂ ਕੁਝ ਉਸ ਜੀਵਨ - ਸਾਥੀ ਦੇ ਨਾਲ ਸਾਂਝਾ ਕਰਨਾ ਜਰੂਰੀ ਹੈ ਜਿਸਦਾ ਐਨਪੀਐਫ $20,000 ਹੈ।

ਜੀਵਨ - ਸਾਥੀ ਏ ਲਈ ਦੋਨਾਂ ਰਕਮਾਂ ਵਿਚਲੇ ਫਰਕ ਦੇ ਅੱਧ ਦਾ ਭੁਗਤਾਨ ਜੀਵਨ - ਸਾਥੀ ਬੀ ਨੂੰ ਕਰਨਾ ਜਰੂਰੀ ਹੈ। ਇਹ **ਸਮਾਨੀਕਰਨ ਅਦਾਇਗੀ ਹੈ**:

| | |
|---|---|
| **ਸਮਾਨੀਕਰਨ ਅਦਾਇਗੀ – ਜੀਵਨ – ਸਾਥੀ ਪਰਿਵਾਰਕ ਸੰਪਤੀ ਵਿੱਚ ਹੋਏ ਵਾਧੇ ਨੂੰ ਬਰਾਬਰ ਸਾਂਝਾ ਕਰਦੇ ਹਨ** | |
| ਜੀਵਨ - ਸਾਥੀ ਏ ਐਨਪੀਐਫ = | $70,000 |
| ਜੀਵਨ - ਸਾਥੀ ਬੀ ਐਨਪੀਐਫ = | $20,000 |
| ਜੀਵਨ - ਸਾਥੀ ਏ – ਜੀਵਨ - ਸਾਥੀ ਬੀ = ਪਰਿਵਾਰਕ ਸੰਪਤੀ ਵਿੱਚ ਵਾਧਾ ਹੈ | $50,000 |
| $50,000 ਅੱਧ ਵਿੱਚ ਵੰਡਿਆ ਹੋਇਆ = | $25,000 |
| **ਜੀਵਨ - ਸਾਥੀ ਏ ਨੂੰ ਸਮਾਨੀਕਰਨ ਅਦਾਇਗੀ ਵਿੱਚ ਜੀਵਨ - ਸਾਥੀ ਬੀ ਨੂੰ $25,000 ਦਾ ਭੁਗਤਾਨ ਕਰਨਾ ਜਰੂਰੀ ਹੈ।** | |

ਕੁਝ ਕੇਸਾਂ ਵਿੱਚ, ਜੇ ਸਮਾਨੀਕਰਨ ਅਦਾਇਗੀ ਦੀ ਰਕਮ ਨਾਜਾਇਜ਼ ਹੈ ਤਾਂ ਅਦਾਲਤ ਵੱਖਰੀ ਸਮਾਨੀਕਰਨ ਅਦਾਇਗੀ ਦਾ ਹੁਕਮ ਦੇ ਸਕਦੀ ਹੈ। ਉਦਾਹਰਣ ਲਈ, ਅਦਾਲਤ ਪਤੀ ਜਾਂ ਪਤਨੀ ਨੂੰ ਜਿਆਦਾ ਪੈਸਿਆਂ ਦਾ ਭੁਗਰਾਨ ਕਰਨ ਦਾ ਹੁਕਮ ਦੇ ਸਕਦੀ ਹੈ ਜੇ ਉਸ ਵਿਅਕਤੀ ਨੇ ਵਿਆਹ ਦੇ ਸਮੇਂ ਤੇ ਵੱਡੇ ਕਰਜ਼ੇ ਛੁਪਾਏ ਜਾਂ, ਇੱਕ ਪਤੀ ਜਾਂ ਪਤਨੀ ਨੇ ਜਾਣਬੁੱਝ ਕੇ ਕਰਜ਼ੇ ਦੀ ਵੱਡੀ ਰਕਮ ਇਕੱਠੀ ਕੀਤੀ ਸੀ।

## ਆਮ ਨਿਯਮਾਂ ਤੋਂ ਅਪਵਾਦ

**i) ਜੇ ਇੱਕ ਜੀਵਨ-ਸਾਥੀ ਕੋਲ ਦੂਸਰੀ ਜਾਇਦਾਦ ਤੋਂ ਜਿਆਦਾ ਕਰਜ਼ੇ ਹਨ ਤਾਂ ਕੀ ?**

ਕਈ ਵਾਰ, ਇੱਕ ਜੀਵਨ- ਸਾਥੀ ਕੋਲ ਸਕਾਰਾਤਮਕ ਮੁੱਲ ਵਾਲੀ ਸੰਪਤੀ (ਜਿਸ ਨੂੰ ਜਾਇਦਾਦ ਵੀ ਕਹਿੰਦੇ ਹਨ) ਨਾਲੋਂ ਵੱਧ ਕਰਜ਼ੇ ਹੋ ਜਾਂਦੇ ਹਨ।ਇਸ ਦਾ ਮਤਲਬ ਇਹ ਹੋ ਸਕਦਾ ਹੈ ਕਿ ਵਿਆਹ ਦੇ ਅੰਤ 'ਤੇ ਉਨ੍ਹਾਂ ਕੋਲ ਆਪਣੇ ਕਰਜ਼ੇ ਚੁਕਾਉਣ ਲਈ ਕਾਫੀ ਪੈਸੇ ਨਹੀਂ ਹਨ।

ਕਈ ਵਾਰੀ ਇੱਕ ਜੀਵਨ- ਸਾਥੀ ਦੀ ਸਾਰੀ ਜਾਇਦਾਦ ਦਾ ਸਕਾਰਾਤਮਕ ਮੁੱਲ ਵਿਆਹ ਦੇ ਦੌਰਾਨ ਘੱਟ ਜਾਂਦਾ ਹੈ। ਇਸ ਦਾ ਮਤਲਬ ਇਹ ਹੋ ਸਕਦਾ ਹੈ ਕਿ ਵਿਆਹ ਦੇ ਅੰਤ 'ਤੇ ਉਨ੍ਹਾਂ ਕੋਲ ਉਨ੍ਹਾਂ ਦੇ ਵਿਆਹ ਦੇ ਸਮੇਂ ਤੋਂ ਘੱਟ ਜਾਇਦਾਦ ਹੋਏ।

ਜਦੋਂ ਇੰਨ੍ਹਾਂ ਦੋਵਾਂ ਸਥਿਤੀਆਂ ਵਿੱਚੋਂ ਕੋਈ ਵੀ ਹੁੰਦੀ ਹੈ, ਤਾਂ ਉਸ ਜੀਵਨ-ਸਾਥੀ ਦੀ ਕੁਲ ਪਰਿਵਾਰਕ ਸੰਪਤੀ (ਐਨਪੀਐਫ) ਸਿਫ਼ਰ ਜਾਂ ਉਸ ਤੋਂ ਘੱਟ (ਜੋ ਕਿ ਇੱਕ ਨੈਗੇਟਿਵ ਨੰਬਰ ਹੋਏਗਾ) ਹੋ ਜਾਂਦੀ ਹੈ।

ਅਜਿਹੀਆਂ ਸਥਿਤੀਆਂ ਵਿੱਚ ਸਮਾਨੀਕਰਨ ਅਦਾਇਗੀ ਦਾ ਅੰਕਣ ਕਰਨ ਲਈ, ਸਿਫ਼ਰ ਜਾਂ ਨੈਗੇਟਿਵ ਐਨਪੀਐਫ ਵਾਲੇ ਜੀਵਨ-ਸਾਥੀ ਕੋਲ ਸਮਾਨੀਕਰਨ ਅਦਾਇਗੀ ਲਈ ਸਿਫ਼ਰ ($0) ਐਨਪੀਐਫ ਹੁੰਦਾ ਹੈ (ਨੈਗੇਟਿਵ ਨੰਬਰ ਦੀ ਬਜਾਏ) । ਇਸ ਤਰ੍ਹਾਂ, ਉਹ ਜੀਵਨ-ਸਾਥੀ ਜਿਸ ਕੋਲ ਜਿਆਦਾ ਸੰਪਤੀ ਹੈ ਨੂੰ ਦੂਸਰੇ ਜੀਵਨ-

ਸਾਥੀ ਦੇ ਕਰਜ਼ੇ ਚੁਕਾਉਣ ਵਿੱਚ ਸਹਾਇਤਾ ਨਹੀਂ ਕਰਨੀ ਪੈਂਦੀ, ਅਤੇ ਨਾਜਾਇਜ਼ ਸਮਾਨੀਕਰਨ ਅਦਾਇਗੀ ਦਾ ਭੁਗਤਾਨ ਨਹੀਂ ਕਰਨਾ ਪੈਂਦਾ।

**ii) ਪਰਿਵਾਰਕ ਘਰ**

ਇੱਕ ਵਿਆਹੇ ਹੋਏ ਜੋੜੇ ਦੇ ਪਰਿਵਾਰਕ ਘਰ ਦੇ ਨਾਲ ਬਾਕੀ ਦੀ ਸਾਰੀ ਜਾਇਦਾਦ ਨਾਲੋਂ ਵੱਖਰਾ ਵਿਹਾਰ ਕੀਤਾ ਜਾਂਦਾ ਹੈ। ਪਰਿਵਾਰਕ ਘਰ, ਜਿਸ ਨੂੰ **ਵਿਵਾਹਕ ਘਰ** (**matrimonial home**) ਵੀ ਕਿਹਾ ਜਾਂਦਾ ਹੈ, ਉਹ ਘਰ ਹੈ ਜਿਥੇ ਤੁਹਾਡਾ ਪਰਿਵਾਰ ਤੁਹਾਡੇ ਵੱਖਰੇ ਹੋਣ ਦੇ ਸਮੇਂ ਨਿਯਮਿਤ ਰੂਪ ਨਾਲ ਰਹਿ ਰਿਹਾ ਸੀ।

ਜੇ ਜੀਵਨ- ਸਾਥੀਆਂ ਨੇ ਉਨ੍ਹਾਂ ਦੇ ਵਿਆਹ ਦੇ ਦੌਰਾਨ ਪਰਿਵਾਰਕ ਘਰ ਖਰੀਦਿਆ ਸੀ, ਤਾਂ ਅਲਹਿਦਗੀ ਦੀ ਤਾਰੀਖ ਤੇ ਉਹ ਉਸਦੇ ਮੁੱਲ ਨੂੰ ਬਰਾਬਰੀ ਨਾਲ ਸਾਂਝਾ ਕਰਦੇ ਹਨ। ਜਦੋਂ ਵਿਆਹੇ ਹੋਏ ਜੋੜੇ ਵੱਖਰੇ ਹੁੰਦੇ ਹਨ, ਤਾਂ ਅਲਹਿਦਗੀ ਦੀ ਤਾਰੀਖ ਤੇ ਦੋਵੇਂ ਜੀਵਨ- ਸਾਥੀਆਂ ਨੂੰ ਪਰਿਵਾਰਕ ਘਰ ਦੀ ਪੂਰੀ ਕੀਮਤ ਨੂੰ ਸਾਂਝਾ ਕਰਨ ਦਾ ਹੱਕ ਹੈ, ਇਸ ਗੱਲ ਦੀ ਪਰਵਾਹ ਨਾ ਕਰਦੇ ਹੋਏ ਕਿ ਜਾਇਦਾਦ ਦੇ ਕਾਨੂੰਨੀ ਟਾਈਟਲ ਤੇ ਕਿਸ ਦਾ ਨਾਮ ਹੈ।

ਪਰਿਵਾਰਕ ਘਰ ਦਾ ਮੁੱਲ ਕੇਵਲ ਉਸ ਸਮੇਂ ਤੇ ਹੀ ਸਮਾਨੀਕਰਨ ਅਦਾਇਗੀ ਦਾ ਹਿੱਸਾ ਨਹੀਂ ਹੋਏਗਾ ਜੇ ਤੁਸੀਂ ਅਤੇ ਡੁਹਾਡੇ ਜੀਵਨ-ਸਾਥੀ ਨੇ ਇੱਕ ਸਮਝੌਤੇ (ਵਿਆਹ ਦਾ ਇਕਰਾਰਮਾਨਾ ਜਾਂ ਅਲਹਿਦਗੀ ਸਮਝੌਤਾ) ਤੇ ਹਸਤਾਖਰ ਕੀਤੇ ਹਨ ਜਿਹੜਾ ਕਹਿੰਦਾ ਹੈ ਕਿ ਘਰ ਨੂੰ ਸਮਾਨੀਕਰਨ ਪ੍ਰਕਿਰਿਆ ਵਿੱਚੋਂ ਬਾਹਰ ਰੱਖਿਆ ਜਾਏਗਾ।

ਪਰ ਜੇਕਰ ਇੱਕ ਜੀਵਨ-ਸਾਥੀ ਵਿਆਹ ਤੋਂ ਪਹਿਲਾਂ ਘਰ ਦਾ ਮਾਲਕ ਸੀ ਅਤੇ ਅਲਹਿਦਗੀ ਦੀ ਤਾਰੀਖ ਤੇ ਉਹ ਪਰਿਵਾਰਕ ਘਰ ਸੀ, ਤਾਂ ਖਾਸ ਨਿਯਮ ਲਾਗੂ ਹੁੰਦੇ ਹਨ। ਉਹ ਜੀਵਨ-ਸਾਥੀ ਜੋ ਵਿਆਹ ਤੋਂ ਪਹਿਲਾਂ ਘਰ ਦਾ ਮਾਲਕ ਸੀ ਆਪਣੀ ਕੁਲ ਪਰਿਵਾਰਕ ਸੰਪਤੀ (Net Family Property (NFP)) ਦੀ ਗਣਨਾ ਵਿੱਚ ਅਲਹਿਦਗੀ ਦੀ ਤਾਰੀਖ ਤੇ ਘਰ ਦੇ ਮੁੱਲ ਨੂੰ ਸ਼ਾਮਲ ਕਰਦਾ ਹੈ, ਪਰ ਘਰ ਦੇ ਮੁੱਲ ਨੂੰ ਵਿਆਹ ਦੀ ਤਾਰੀਖ ਤੇ ਮਾਲਕੀ ਵਾਲੀ ਜਾਇਦਾਦ ਵਿੱਚ ਸ਼ਾਮਲ ਨਹੀਂ ਕਰਦਾ।

ਇਸਦਾ ਮਤਲਬ ਹੈ ਕਿ ਜੇਕਰ ਇੱਕ ਜੀਵਨ-ਸਾਥੀ ਘਰ ਨੂੰ ਵਿਆਹ ਵਿੱਚ ਲਿਆਇਆ ਸੀ ਅਤੇ ਉਹ ਅਲਹਿਦਗੀ ਦੇ ਤਾਰੀਖ ਤੇ ਵੀ ਘਰ ਦਾ ਮਾਲਕ ਹੈ, ਤਾਂ ਉਸਦੇ ਐਨਪੀਐਫ ਦੇ ਵਿੱਚ ਘਰ ਦਾ ਪੂਰਾ ਮੁੱਲ ਸ਼ਾਮਲ ਹੋਏਗਾ, ਸਿਰਫ ਵਿਆਹ ਦੇ ਦੌਰਾਨ ਹੋਈ ਮੁੱਲ ਵਿਚਲੀ ਤਬਦੀਲੀ ਨਹੀਂ। ਇਸ ਦਾ ਸਮਾਨੀਕਰਨ ਅਦਾਇਗੀ ਦੀ ਗਣਨਾ ਤੇ ਭਾਰੀ ਅਸਰ ਹੋ ਸਕਦਾ ਹੈ।

**iii) ਵੱਖਰੀ ਰੱਖੀ ਗਈ ਜਾਇਦਾਦ – ਤੋਹਫੇ ਅਤੇ ਵਿਰਾਸਤਾਂ**

ਖਾਸ ਤੋਹਫਿਆਂ ਅਤੇ ਪੈਸਿਆਂ ਲਈ ਪਰਿਵਾਰਕ ਜਾਇਦਾਦ ਨੂੰ ਵੰਡਣ ਵਾਸਤੇ ਵੀ ਆਮ ਨਿਯਮਾਂ ਲਈ ਕਈ ਅਪਵਾਦ ਹਨ। ਆਪਵਾਦਾਂ ਦੀਆਂ ਕੁਝ ਮਿਸਾਲਾਂ ਹਨ: ਉਹ

ਤੋਹਫੇ ਜਾਂ ਪੈਸੇ ਜਿਹੜੇ ਇੱਕ ਜੀਵਨ-ਸਾਥੀ ਆਪਣੇ ਜੀਵਨ-ਸਾਥੀ ਤੋਂ ਬਿਨਾਂ ਕਿਸੇ ਹੋਰ ਵਿਅਕਤੀ ਕੋਲੋਂ ਪ੍ਰਾਪਤ ਕਰਦਾ ਹੈ; ਕਿਸੇ ਹੋਰ ਵਿਅਕਤੀ ਦੇ ਜੀਵਨ ਬੀਮੇ ਤੋਂ ਪ੍ਰਾਪਤ ਲਾਭ; ਅਤੇ ਵਿਰਾਸਤ। ਵਿਰਾਸਤ ਕੋਈ ਵੀ ਅਜਿਹੀ ਚੀਜ਼ ਹੈ ਜਿਹੜੀ ਕੋਈ ਵਿਅਕਤੀ ਉਨ੍ਹਾਂ ਦੇ ਮਰਨ ਦੇ ਬਾਅਦ ਵਸੀਅਤ ਵਿੱਚ ਤੁਹਾਡੇ ਲਈ ਛੱਡਦਾ ਹੈ ਜਾਂ ਤੁਹਾਡੇ ਲਈ ਛੱਡਦਾ ਹੈ।

ਸੰਪਤੀ ਦੀਆਂ ਇਹ ਕਿਸਮਾਂ ਜਿਹੜੀਆਂ ਤੁਸੀਂ ਆਪਣੇ ਵਿਆਹ ਦੇ ਦੌਰਾਨ ਪ੍ਰਾਪਤ ਕਰਦੇ ਹੋ ਆਮਤੌਰ ਤੇ "**ਵੱਖਰੀ ਰੱਖੀ ਗਈ ਜਾਇਦਾਦ**" (**"excluded property"**) ਹੁੰਦੀਆਂ ਹੈ, ਜਿਸ ਦਾ ਮਤਲਬ ਹੈ ਕਿ ਉਨ੍ਹਾਂ ਨੂੰ ਜੀਵਨ-ਸਾਥੀ ਦੀ ਕੁਲ ਪਰਿਵਾਰਕ ਸੰਪਤੀ (Net Family Property (NFP)) ਦੀ ਗਣਨਾ ਵਿੱਚ **ਸ਼ਾਮਲ ਨਹੀਂ** ਕੀਤਾ ਜਾਂਦਾ। ਜੇ ਤੁਸੀਂ ਇੰਨ੍ਹਾਂ ਤੋਹਫਿਆਂ, ਜੀਵਨ ਬੀਮੇ ਜਾਂ ਵਿਰਾਸਤ ਤੋਂ ਪੈਸਿਆਂ ਨੂੰ ਵਿਆਹ ਦੇ ਦੌਰਾਨ ਖਰਚ ਕਰ ਦਿੰਦੇ ਹੋ, ਫਿਰ ਅਕਸਰ ਪੈਸਿਆਂ ਦਾ ਸੁਰਾਗ ਲੱਭਣਾ ਮੁਸ਼ਕਲ ਹੋ ਜਾਂਦਾ ਹੈ, ਅਤੇ ਫਿਰ ਖਰਚ ਕਰ ਦਿੱਤੀ ਗਈ ਰਕਮ ਨੂੰ ਉਸ ਵਿਅਕਤੀ ਦੇ ਐਨਪੀਐਫ ਦੀ ਗਣਨਾ ਤੋਂ ਵੱਖਰਾ ਨਹੀਂ ਰੱਖਿਆ ਜਾ ਸਕਦਾ।

ਪਰ ਇਹ ਜਾਣਨਾ ਮਹੱਤਵਪੂਰਨ ਹੈ ਕਿ ਜੇਕਰ ਇੱਕ ਤੋਹਫੇ ਜਾਂ ਵਿਰਾਸਤ ਨੂੰ ਪਰਿਵਾਰਕ ਘਰ ਖਰੀਦਣ ਜਾਂ ਉਸ ਨੂੰ ਸੁਧਾਰਨ ਲਈ ਵਰਤਿਆ ਗਿਆ ਹੈ, ਤਾਂ ਉਹ ਪਰਿਵਾਰਕ ਘਰ ਦੇ ਮੁੱਲ ਦਾ ਹਿੱਸਾ ਬਣ ਜਾਂਦਾ ਹੈ, ਜਿਸ ਨੂੰ ਐਨਪੀਐਫ ਦੀ ਗਣਨਾ ਵਿੱਚ ਸ਼ਾਮਲ ਕੀਤਾ ਜਾਂਦਾ ਹੈ।

## ਕਾਮਨ-ਲਾਅ ਜੋੜਿਆਂ ਲਈ ਜਾਇਦਾਦ ਨੂੰ ਕਿਵੇਂ ਵੰਡਿਆ ਜਾਂਦਾ ਹੈ

ਉਹ ਸਾਥੀ ਜਿਹੜੇ ਰਿਸ਼ਤੇ ਵਿੱਚ ਇਕੱਠੇ ਰਹਿੰਦੇ ਹਨ ਪਰ ਕਾਨੂੰਨੀ ਤੌਰ ਤੇ ਵਿਆਹ ਨਾ ਕਰਵਾਉਣ ਦੀ ਚੋਣ ਕਰਦੇ ਹਨ ਨੂੰ ਕਈ ਵਾਰੀ "**ਕਾਮਨ-ਲਾਅ**" ਸਾਥੀ ਕਿਹਾ ਜਾਂਦਾ ਹੈ। ਹਾਲਾਂਕਿ ਕਾਨੂੰਨ ਕਾਮਨ-ਲਾਅ ਰਿਸ਼ਤਿਆਂ ਨੂੰ ਕਈ ਤਰੀਕਿਆਂ ਨਾਲ ਮਾਨਤਾ ਦਿੰਦਾ ਹੈ, ਜੋੜਿਆਂ ਦੇ ਵੱਖਰੇ ਹੋਣ ਤੇ ਪਰਿਵਾਰਕ ਜਾਇਦਾਦ ਨੂੰ ਵੰਡਣ ਨਾਲ ਸੰਬੰਧਤ ਨਿਯਮ ਓਨਟਾਰਿਓ ਵਿੱਚ ਰਹਿ ਰਹੇ ਕਾਮਨ-ਲਾਅ ਜੋੜਿਆਂ ਤੇ ਲਾਗੂ ਨਹੀਂ ਹੁੰਦੇ।

ਇੱਕ ਕਾਮਨ-ਲਾਅ ਰਿਸ਼ਤੇ ਵਿੱਚ, ਤੁਹਾਡੇ ਵਿੱਚੋਂ ਹਰੇਕ ਉਸ ਜਾਇਦਾਦ ਦਾ ਮਾਲਕ ਹੈ ਜੋ ਤੁਸੀਂ ਰਿਸ਼ਤੇ ਵਿੱਚ ਲਿਆਏ ਸੀ ਅਤੇ ਜੋ ਕੁਝ ਵੀ ਤੁਸੀਂ ਤੁਹਾਡੇ ਇਕੱਠੇ ਰਹਿਣ ਦੌਰਾਨ ਆਪਣੇ ਪੈਸੇ ਨਾਲ ਖਰੀਦਿਆ ਸੀ। ਜੇ ਤੁਸੀਂ ਅਤੇ ਤੁਹਾਡਾ ਸਾਥੀ ਵੱਖਰੇ ਹੁੰਦੇ ਹੋ, ਤਾਂ ਕਿਸੇ ਵੀ ਜਾਇਦਾਦ ਦੀ ਵੱਧੇ ਹੋਏ ਮੁੱਲ ਨੂੰ ਵੰਡਣ ਜਾਂ ਸਾਂਝਾ ਕਰਨ ਦਾ ਆਟੋਮੈਟਿਕ ਹੱਕ ਨਹੀਂ ਹੈ।

ਪਰ, ਉਹ ਜਾਇਦਾਦ ਜਿਹੜੀ ਤੁਸੀਂ ਅਤੇ ਤੁਹਾਡੇ ਸਾਥੀ ਨੇ ਇਕੱਠੀ ਖਰੀਦੀ ਸੀ ਤੇ ਤੁਹਾਡੇ ਦੋਵਾਂ ਦੀ ਇਕੱਠੀ ਮਾਲਕੀ ਹੈ। ਮਿਲਕੇ ਜਾਇਦਾਦ ਦੀ ਮਾਲਕੀ ਵਾਲੇ ਦੋਵੇਂ

ਲੋਕਾਂ ਦਾ ਉਸ ਜਾਇਦਾਦ ਦੇ ਮੁੱਲ ਦੇ ਕੁੱਝ ਹਿੱਸੇ ਤੇ ਹੱਕ ਹੈ, ਜੇ ਤੁਹਾਡੇ ਵਿੱਚੋਂ ਇੱਕ ਜਾਂ ਤੁਸੀਂ ਦੋਵੇਂ ਉਸ ਨੂੰ ਵੰਡਣਾ ਚਾਹੋ ਜਦੋਂ ਤੁਸੀਂ ਵੱਖਰੇ ਹੁੰਦੇ ਹੋ। ਇਸ ਵਿੱਚ ਪਰਿਵਾਰਕ ਘਰ ਸ਼ਾਮਲ ਹੈ।

### i) ਪਰਿਵਾਰਕ ਘਰ

ਕਾਮਨ-ਲਾਅ ਰਿਸ਼ਤਿਆਂ ਵਿਚਲੇ ਸਾਥੀਆਂ ਨੂੰ ਪਰਿਵਾਰਕ ਘਰ ਦੇ ਮੁੱਲ ਵਿੱਚ ਹਿੱਸੇ ਦੇ ਉਹੀ ਆਟੋਮੈਟਿਕ ਹੱਕ ਨਹੀਂ ਹੁੰਦੇ। ਉਹ ਘਰ ਜਿਸ ਵਿੱਚ ਤੁਸੀਂ ਇੱਕ ਜੋੜੇ ਦੀ ਤਰ੍ਹਾਂ ਇਕੱਠੇ ਰਹਿ ਰਹੇ ਸੀ ਉਸ ਵਿਅਕਤੀ ਦਾ ਹੈ ਜਿਸਦਾ ਨਾਮ ਕਾਨੂੰਨੀ ਟਾਈਟਲ ਤੇ ਹੈ।

### ii) ਕੋਹੈਬੀਟੇਸ਼ਨ ਸਮਝੌਤੇ

ਤੁਹਾਨੂੰ ਅਤੇ ਤੁਹਾਡੇ ਕਾਮਨ-ਲਾਅ ਸਾਥੀ ਨੂੰ ਇਹ ਉਲੀਕਣ ਲਈ ਇੱਕ ਕੋਹੈਬੀਟੇਸ਼ਨ ਸਮਝੌਤਾ (cohabitation agreement) ਲਿੱਖਣਾ ਚਾਹੀਦਾ ਹੈ ਕਿ ਜੇ ਤੁਸੀਂ ਵੱਖਰੇ ਹੋ ਜਾਂਦੇ ਹੋ ਤਾਂ ਤੁਸੀਂ ਜਾਇਦਾਦ ਅਤੇ ਕਰਜ਼ਿਆਂ ਦੇ ਨਾਲ ਕਿਵੇਂ ਨਿਪਟੋਗੇ। ਇੱਕ **ਕੋਹੈਬੀਟੇਸ਼ਨ ਸਮਝੌਤਾ** ਇੱਕ ਕਾਨੂੰਨੀ ਇਕਰਾਰਨਾਮਾ ਹੈ ਜੇ ਉਹ ਲਿਖਤੀ ਰੂਪ ਵਿੱਚ ਵਿੱਚ ਹੈ, ਦੋਵੇਂ ਸਾਥੀਆਂ ਦੁਆਰਾ ਹਸਤਾਖਰ ਕੀਤਾ ਗਿਆ ਹੈ ਅਤੇ ਕਿਸੇ ਅਜਿਹੇ ਵਿਅਕਤੀ ਦੁਆਰਾ ਹਸਤਾਖਰ ਕੀਤਾ ਹੋਇਆ ਹੈ ਜਿਹੜਾ ਉਸ ਵੇਲੇ ਦੇਖਦਾ ਹੈ ਜਾਂ ਗਵਾਹੀ ਪਾਉਂਦਾ ਹੈ ਜਦੋਂ ਸਾਥੀ ਹਸਤਾਖਰ ਕਰਦੇ ਹਨ। ਇੱਕ ਕੋਹੈਬੀਟੇਸ਼ਨ ਸਮਝੌਤੇ ਤੇ ਹਸਤਾਖਰ ਕਰਨ ਤੋਂ ਪਹਿਲਾਂ ਇੱਕ ਵਕੀਲ ਦੇ ਨਾਲ ਗੱਲ ਕਰਨਾ ਇੱਕ ਚੰਗਾ ਵਿਚਾਰ ਹੈ।

### iii) ਅਦਾਲਤ ਜਾਣਾ

ਤੁਸੀਂ ਅਦਾਲਤ ਨੂੰ ਤੁਹਾਡੇ ਕਾਮਨ-ਲਾਅ ਸਾਥੀ ਨੂੰ ਕੋਹੈਬੀਟੇਸ਼ਨ ਸਮਝੌਤੇ ਦੀਆਂ ਸ਼ਰਤਾਂ ਦੀ ਪਾਲਣਾ ਕਰਨ ਲਈ ਹੁਕਮ ਦੇਣ ਵਾਸਤੇ ਕਹਿ ਸਕਦੇ ਹੋ। ਜੇ ਤੁਹਾਡਾ ਕੋਹੈਬੀਟੇਸ਼ਨ ਸਮਝੌਤਾ ਨਹੀਂ ਹੈ ਅਤੇ ਤੁਸੀਂ ਇਸ ਬਾਰੇ ਸਹਿਮਤ ਨਹੀਂ ਹੋ ਪਾ ਰਹੇ ਕਿ ਤੁਹਾਡੀ ਜਾਇਦਾਦ ਨੂੰ ਕਿਵੇਂ ਵੰਡਿਆ ਜਾਏ, ਤੁਹਾਡੇ ਦੋਨਾਂ ਵਿੱਚੋਂ ਕੋਈ ਵੀ ਅਦਾਲਤ ਕੋਲ ਜਾ ਸਕਦਾ ਹੈ। ਤੁਸੀਂ ਜੱਜ ਨੂੰ ਤੁਹਾਨੂੰ ਜੋ ਤੁਸੀਂ ਜੋੜੇ ਦੀ ਤਰ੍ਹਾਂ ਖਰੀਦਿਆ ਸੀ ਦਾ ਹਿੱਸਾ ਦੇਣ ਲਈ ਕਹਿ ਸਕਦੇ ਹੋ, ਜਾਂ ਜਾਇਦਾਦ ਵਿੱਚ ਰਿਸ਼ਤੇ ਦੇ ਦੌਰਾਨ ਹੋਏ ਵਾਧੇ ਦੀ ਰਕਮ ਦਾ ਹਿੱਸਾ।

ਇਸ ਤਰ੍ਹਾਂ ਦਾ ਫੈਸਲਾ ਪ੍ਰਾਪਤ ਕਰਨ ਲਈ, ਤੁਹਾਨੂੰ ਇਹ ਸਾਬਤ ਕਰਨ ਦੇ ਕਾਬਲ ਹੋਣਾ ਚਾਹੀਦਾ ਹੈ ਕਿ ਤੁਸੀਂ ਜਾਇਦਾਦ ਦੀ ਦੇਖਰੇਖ ਜਾਂ ਉਸਦੇ ਮੁੱਲ ਵਿਚਲੇ ਵਾਧੇ ਵਿੱਚ ਯੋਗਦਾਨ ਪਾਇਆ ਸੀ। ਮਿਸਾਲ ਦੀ ਤੌਰ ਤੇ, ਤੁਸੀਂ ਕੁਝ ਪੈਸੇ ਪ੍ਰਾਪਤ ਕਰ ਸਕਦੇ ਹੋ ਜੇ ਤੁਸੀਂ ਸਾਬਤ ਕਰ ਸਕਦੇ ਹੋ ਕਿ ਤੁਸੀਂ ਆਪਣੇ ਸਾਥੀ ਦੇ ਘਰ ਦੇ ਕੁਝ ਬਿਲਾਂ ਦਾ ਭੁਗਤਾਨ ਕੀਤਾ ਸੀ, ਜਾਂ ਇਹ ਕਿ ਤੁਸੀਂ ਕਾਰੋਬਾਰ ਵਾਸਤੇ ਕੁਝ ਕੰਮ

ਮੁਫਤ ਕਰਕੇ ਉਸ ਦੇ ਕਾਰੋਬਾਰ ਦੇ ਮੁੱਲ ਵਿੱਚ ਵਾਧਾ ਕੀਤਾ ਸੀ। ਜੇ ਤੁਸੀਂ ਅਦਾਲਤ ਜਾਣ ਬਾਰੇ ਸੋਚ ਰਹੇ ਹੋ ਤਾਂ ਇੱਕ ਵਕੀਲ ਨਾਲ ਗੱਲ ਕਰਨ ਮਹੱਤਵਪੂਰਨ ਹੈ।

## ਪਰਿਵਾਰਕ ਘਰ ਵਿੱਚ ਰਹਿਣਾ

ਪਰਿਵਾਰਕ ਘਰ ਵਿੱਚ ਕੌਣ ਰਹਿ ਸਕਦਾ ਹੈ ਅਤੇ ਕੌਣ ਉਸ ਨੂੰ ਵੇਚ ਸਕਦਾ ਹੈ ਬਾਰੇ ਨਿਯਮ, ਇਸ ਤੇ ਵੀ ਨਿਰਭਰ ਕਰਦੇ ਹਨ ਕਿ ਸਾਥੀ ਕਾਨੂੰਨੀ ਤੌਰ ਤੇ ਵਿਆਹੇ ਹੋਏ ਸੀ ਜਾਂ ਕਾਮਨ-ਲਾਅ ਰਿਸ਼ਤੇ ਵਿੱਚ ਸੀ।

### i) ਵਿਆਹੇ ਹੋਏ ਜੋੜੇ

ਵਿਆਹੇ ਹੋਏ ਦੋਵੇਂ ਜੀਵਨ-ਸਾਥੀਆਂ ਨੂੰ ਪਰਿਵਾਰਕ ਘਰ ਵਿੱਚ ਰਹਿਣ ਦਾ ਬਰਾਬਰ ਹੱਕ ਹੈ ਜਦੋਂ ਤੱਕ ਕਿ ਉਸ ਨੂੰ ਵੇਚਿਆ ਨਹੀਂ ਜਾਂਦਾ ਜਾਂ ਅਦਾਲਤ ਦਾ ਹੁਕਮ ਜਾਂ ਸਮਝੌਤਾ ਨਹੀਂ ਹੁੰਦਾ, ਇਸ ਦੀ ਪਰਵਾਹ ਕੀਤੇ ਬਿਨਾਂ ਕਿ ਲੀਜ਼ ਜਾਂ ਸੰਪਤੀ ਦਾ ਕਾਨੂੰਨੀ ਟਾਈਟਲ ਕਿਸ ਦੇ ਨਾਮ ਤੇ ਹੈ। ਦੋਵੇਂ ਜੀਵਨ-ਸਾਥੀਆਂ ਵਿੱਚੋਂ ਕੋਈ ਵੀ ਦੂਸਰੇ ਸਾਥੀ ਦੀ ਇਜਾਜ਼ਤ ਤੋਂ ਬਿਨਾਂ ਤਾਲੇ ਨਹੀਂ ਬਦਲ ਸਕਦਾ, ਘਰ ਨੂੰ ਵੇਚ, ਮੌਰਗੇਜ ਨਹੀਂ ਕਰ ਸਕਦਾ, ਕਿਰਾਏ ਤੇ ਨਹੀਂ ਦੇ ਸਕਦਾ ਜਾਂ ਸਬਲੈਟ ਨਹੀਂ ਕਰ ਸਕਦਾ।

### ii) ਕਾਮਨ-ਲਾਅ ਜੋੜੇ

ਪਰਿਵਾਰਕ ਘਰਾਂ ਬਾਰੇ ਨਿਯਮ ਕਾਮਨ-ਲਾਅ ਸਾਥੀਆਂ ਤੇ ਲਾਗੂ ਨਹੀਂ ਹੁੰਦੇ। ਇੱਕ ਕਾਮਨ-ਲਾਅ ਸਾਥੀ ਨੂੰ ਆਪਣੇ ਆਪ ਹੀ (ਔਟੋਮੈਟਿਕ ਤੌਰ ਤੇ) ਪਰਿਵਾਰਕ ਘਰ ਵਿੱਚ ਰਹਿਣ ਦਾ ਹੱਕ ਨਹੀਂ ਹੁੰਦਾ ਜੇ ਉਸਦਾ ਨਾਮ ਲੀਜ਼ ਜਾਂ ਸੰਪਤੀ ਦੇ ਕਾਨੂੰਨੀ ਟਾਈਟਲ ਤੇ ਨਹੀਂ ਹੈ। ਜੇ ਕੇਵਲ ਇੱਕੋ ਸਾਥੀ ਜਾਇਦਾਦ ਦਾ ਮਾਲਕ ਹੈ, ਤਾਂ ਉਹ ਵਿਅਕਤੀ ਦੂਸਰੇ ਸਾਥੀ ਦੀ ਇਜਾਜ਼ਤ ਤੋਂ ਬਿਨਾਂ ਤਾਲੇ ਬਦਲ ਸਕਦਾ ਹੈ ,ਘਰ ਨੂੰ ਵੇਚ, ਮੌਰਗੇਜ ਕਰ ਸਕਦਾ, ਕਿਰਾਏ ਤੇ ਦੇ ਸਕਦਾ ਜਾਂ ਸਬਲੈਟ ਕਰ ਸਕਦਾ ਹੈ। ਜੇ ਤੁਸੀਂ ਇੱਕ ਘਰ ਜਾਂ ਅਪਾਰਟਮੈਂਟ ਕਿਰਾਏ ਤੇ ਲਿਆ ਹੋਇਆ ਹੈ, ਤਾਂ ਉਥੇ ਰਹਿਣਾ ਜਾਰੀ ਰੱਖਣ ਦਾ ਹੱਕ ਕੇਵਲ ਉਨ੍ਹਾਂ ਕਿਰਾਏਦਾਰਾਂ ਨੂੰ ਹੈ ਜਿੰਨ੍ਹਾਂ ਨੇ ਲੀਜ਼ ਤੇ ਹਸਤਾਖਰ ਕੀਤਾ ਹੈ।

### iii) ਜਦੋਂ ਦੁਰਵਿਹਾਰ ਹੁੰਦਾ ਹੈ

ਜਦੋਂ ਇੱਕ ਜੋੜਾ ਕਾਨੂੰਨੀ ਤੌਰ ਤੇ **ਵਿਆਹਿਆ ਹੋਇਆ** ਹੁੰਦਾ ਹੈ, ਜੇ ਇੱਕ ਜੀਵਨ-ਸਾਥੀ ਨੂੰ ਦੂਸਰੇ ਜੀਵਨ-ਸਾਥੀ ਕੋਲੋਂ ਨੁਕਸਾਨ ਦਾ ਡਰ ਹੈ, ਤਾਂ ਉਹ ਵਿਅਕਤੀ ਜੋ ਡਰਦਾ ਹੈ ਫੈਮਲੀ ਕੋਰਟ ਕੋਲੋਂ ਪਰਿਵਾਰਕ ਘਰ ਦੇ **ਆਰਡਰ ਆਫ ਐਕਸਕਲੂਸਿਵ ਪੋਜ਼ੇਸ਼ਨ (Order for Exclusive Possession)** ਲਈ ਮੰਗ ਕਰ ਸਕਦਾ ਹੈ। ਐਕਸਕਲੂਸਿਵ ਪੋਜ਼ੇਸ਼ਨ ਦਾ ਮਤਲਬ ਹੈ ਕਿ ਕੇਵਲ ਇੱਕ ਜੀਵਨ-ਸਾਥੀ ਕੋਲ ਹੀ ਪਰਿਵਾਰਕ ਘਰ ਵਿੱਚ ਰਹਿਣ ਦਾ ਹੱਕ ਹੈ, ਅਤੇ ਉਹ ਤਾਲੇ ਬਦਲ ਸਕਦਾ/ਦੀ ਹੈ। ਦੂਸਰੇ ਜੀਵਨ-ਸਾਥੀ ਪਰਿਵਾਰਕ ਘਰ ਵਿੱਚ ਦਾਖਲ ਹੋਣ ਦਾ ਹੱਕ ਗੁਆ ਦਿੰਦਾ ਹੈ।

ਐਕਸਕਲੂਸਿਵ ਪੋਜ਼ੇਸ਼ਨ ਆਰਡਰ ਆਮਤੌਰ ਤੇ ਉਸ ਪਰਿਵਾਰਕ ਘਰ ਤੇ ਲਾਗੂ ਹੁੰਦੇ ਹਨ ਜਿਸਦਾ ਮਾਲਕ ਜੋੜਾ ਹੈ। ਆਰਡਰ ਦੋਵੇਂ ਜੀਵਨ-ਸਾਥੀਆਂ ਦੇ ਪਰਿਵਾਰਕ ਘਰ ਦੇ ਮੁੱਲ ਵਿੱਚ ਹਿੱਸੇ ਨੂੰ ਸਾਂਝਾ ਕਰਨ ਦੇ ਹੱਕ ਨੂੰ ਬਦਲਦਾ ਨਹੀਂ ਹੈ। ਇੱਕ ਐਕਸਕਲੂਸਿਵ ਪੋਜ਼ੇਸ਼ਨ ਆਰਡਰ ਆਮਤੌਰ ਤੇ ਉਸ ਵੇਲੇ ਤੱਕ ਲਾਗੂ ਹੁੰਦਾ ਹੈ ਜਦੋਂ ਤੱਕ ਕਿ ਪਰਿਵਾਰਕ ਘਰ ਦੀ ਮਾਲਕੀ ਅਤੇ ਸਾਂਝੇ ਮੁੱਲ ਨੂੰ ਹੱਲ ਕਰਨ ਬਾਰੇ ਫੈਸਲਾ ਨਹੀਂ ਹੁੰਦਾ।

ਕਾਮਨ-ਲਾਅ ਵਿੱਚ ਇੱਕ ਸਾਥੀ ਪਰਿਵਾਰਕ ਘਰ ਦੇ ਐਕਸਕਲੂਸਿਵ ਪੋਜ਼ੇਸ਼ਨ ਲਈ ਆਰਡਰ ਪ੍ਰਾਪਤ ਨਹੀਂ ਕਰ ਸਕਦਾ।

ਇੱਕ ਵਿਅਕਤੀ ਜਿਸ ਨੂੰ ਨਿਕਟਵਰਤੀ ਸਾਥੀ ਦੁਆਰਾ ਉਨ੍ਹਾਂ ਨੂੰ ਜਾਂ ਉਨ੍ਹਾਂ ਦੇ ਬੱਚਿਆਂ ਨੂੰ ਨੁਕਸਾਨ ਦਾ ਡਰ ਹੈ, ਭਾਵੇਂ ਉਹ ਵਿਆਹੇ ਹੋਏ ਹਨ ਜਾਂ ਨਹੀਂ, ਫੈਮਲੀ ਕੋਰਟ ਕੋਲੋਂ ਰੋਕ ਲਗਾਉਣ ਵਾਲੇ ਹੁਕਮ ਲਈ ਮੰਗ ਕਰ ਸਕਦਾ ਹੈ। ਇੱਕ **ਰੋਕ ਲਗਾਉਣ ਵਾਲਾ ਹੁਕਮ (Restraining Order)** ਕਹਿ ਸਕਦਾ ਹੈ ਕਿ ਦੁਰਵਿਹਾਰ ਕਰਨ ਵਾਲੇ ਸਾਥੀ ਨੂੰ ਦੂਸਰੇ ਸਾਥੀ ਜਾਂ ਬੱਚਿਆਂ ਨਾਲ ਸੰਪਰਕ ਕਰਨ ਜਾਂ ਉਨ੍ਹਾਂ ਕੋਲ ਜਾਣ ਦੀ ਇਜਾਜ਼ਤ ਨਹੀਂ ਹੈ। ਇਸ ਵਿੱਚ ਪਰਿਵਾਰਕ ਘਰ ਦੇ ਨਾਲ ਨਾਲ ਕੰਮ ਦੀ ਥਾਂ, ਸਕੂਲ, ਅਤੇ ਉਨ੍ਹਾਂ ਦੂਸਰੀਆਂ ਥਾਵਾਂ ਤੋਂ ਦੂਰ ਰਹਿਣਾ ਸ਼ਾਮਲ ਹੋ ਸਕਦਾ ਹੈ ਜਿਥੇ ਸੁਰੱਖਿਅਤ ਸਾਥੀ ਅਤੇ ਬੱਚੇ ਆਮਤੌਰ ਤੇ ਜਾਂਦੇ ਹਨ।

ਇੱਕ ਵਿਅਕਤੀ ਇੱਕ ਦੁਰਵਿਹਾਰ ਕਰਨ ਵਾਲੇ ਸਾਥੀ ਦੇ ਵਿਰੁੱਧ ਰੋਕ ਲਗਾਉਣ ਵਾਲਾ ਹੁਕਮ (Restraining Order) ਪ੍ਰਾਪਤ ਕਰ ਸਕਦਾ ਹੈ ਜੇ ਉਹ ਵਿਆਹੇ ਹੋਏ ਹਨ ਜਾਂ ਸੀ, ਜਾਂ ਜੇ ਉਹ ਇਕੱਠੇ ਰਹਿੰਦੇ ਹਨ ਜਾਂ ਰਿਹਾ ਕਰਦੇ ਸਨ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਜੇ ਉਨ੍ਹਾਂ ਦਾ ਘਰ ਕਿਰਾਏ ਤੇ ਹੈ ਜਾਂ ਆਪਣਾ, ਅਤੇ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਸੰਪਤੀ ਵਾਸਤੇ ਕਾਨੂੰਨੀ ਟਾਈਟਲ ਤੇ ਕਿਸ ਦਾ ਨਾਮ ਹੈ। ਇੱਕ ਰੋਕ ਲਗਾਉਣ ਵਾਲੇ ਹੁਕਮ ਦਾ ਇਸ ਤੇ ਕੋਈ ਪ੍ਰਭਾਵ ਨਹੀਂ ਹੁੰਦਾ ਕਿ ਪਰਿਵਾਰਕ ਘਰ ਦਾ ਮਾਲਕ ਕੌਣ ਹੈ, ਅਤੇ ਘਰ ਦੇ ਮੁੱਲ ਨੂੰ ਕਿਵੇਂ ਸਾਂਝਾ ਕੀਤਾ ਜਾਏਗਾ।

## ਰਿਜ਼ਰਵਾਂ ਤੇ ਪਰਿਵਾਰਕ ਜਾਇਦਾਦ ਲਈ ਨਿਯਮ

ਓਨਟਾਰਿਓ ਸਰਕਾਰ ਦੁਆਰਾ ਪਾਸ ਕੀਤਾ ਗਿਆ ਪਰਿਵਾਰਕ ਕਾਨੂੰਨ **ਫਸਟ ਨੇਸ਼ਨਜ਼ ਰਿਜ਼ਰਵਾਂ** ਤੇ ਜ਼ਮੀਨ, ਘਰਾਂ ਅਤੇ ਇਮਾਰਤਾਂ ਤੇ ਲਾਗੂ ਨਹੀਂ ਹੁੰਦਾ। ਪਰ ਫੈਡਰਲ ਸਰਕਾਰ ਦੁਆਰਾ ਪਾਸ ਕੀਤਾ ਗਿਆ ਇੱਕ ਅਜਿਹਾ ਕਾਨੂੰਨ ਹੈ ਜਿਹੜਾ ਰਿਜ਼ਰਵਾਂ ਤੇ ਪਰਿਵਾਰਕ ਜਾਇਦਾਦ ਤੇ ਲਾਗੂ ਹੁੰਦਾ ਹੈ, ਸਿਵਾਏ ਇਸਦੇ ਕਿ ਇੱਕ ਬੈਂਡ ਨੇ ਉਨ੍ਹਾਂ ਦੇ ਰਿਜ਼ਰਵ ਲਈ ਆਪਣੇ ਨਿਯਮ ਪਾਸ ਕੀਤੇ ਹੋਏ ਹੋਣ।

ਫੈਡਰਲ ਕਾਨੂੰਨ ਵਿਆਹੇ ਹੋਏ ਜੀਵਨ-ਸਾਥੀਆਂ ਤੇ ਲਾਗੂ ਹੁੰਦਾ ਹੈ, ਅਤੇ ਉਨ੍ਹਾਂ ਕਾਮਨ-ਲਾਅ ਸਾਥੀਆਂ ਤੇ ਵੀ ਜਿਹੜੇ ਇੱਕ ਸਾਲ ਜਾਂ ਉਸ ਤੋਂ ਵੱਧ ਸਮੇਂ ਲਈ

ਰਿਸ਼ਤੇ ਵਿੱਚ ਹੋਣ। **ਇਹ ਉਨ੍ਹਾਂ ਆਦਿਵਾਸੀ (Indigenous) ਅਤੇ ਗੈਰ – ਆਦਿਵਾਸੀ (non-Indigenous) ਔਰਤਾਂ ਦੋਵਾਂ ਲਈ ਮਹੱਤਵਪੂਰਨ ਹੈ ਜਿਹੜੀਆਂ ਰਿਜ਼ਰਵ ਤੇ ਰਹਿੰਦੀਆਂ ਹਨ ਜਾਂ ਜਿੰਨ੍ਹਾਂ ਦੀ ਰਿਜ਼ਰਵ ਤੇ ਪਰਿਵਾਰਕ ਜਾਇਦਾਦ ਹੈ।**

ਫੈਡਰਲ ਕਾਨੂੰਨ ਕਹਿੰਦਾ ਹੈ:

- ਦੋਵੇਂ ਸਾਥੀਆਂ ਨੂੰ ਪਰਿਵਾਰਕ ਘਰ, ਜ਼ਮੀਨ ਅਤੇ ਇਮਾਰਤਾਂ ਦੇ ਮੁੱਲ, ਜੋ ਕਿ ਰਿਸ਼ਤੇ ਦੇ ਦੌਰਾਨ ਵਧਿਆ ਹੈ, ਦੇ ਅੱਧੇ ਹਿੱਸੇ ਤੇ ਹੱਕ ਹੈ;

- ਅਦਾਲਤ **ਐਕਸਕਲੂਸਿਵ ਔਕੂਪੇਸ਼ਨ ਆਰਡਰ (Exclusive Occupation Order)** ਬਣਾ ਸਕਦੀ ਹੈ ਕਿ ਇੱਕ ਸਾਥੀ ਨੂੰ ਜੋੜੇ ਦੇ ਵੱਖਰੇ ਹੋਣ ਤੋਂ ਬਾਅਦ ਪਰਿਵਾਰਕ ਘਰ ਵਿੱਚ ਰਹਿਣ ਦਾ ਹੱਕ ਹੈ, ਭਾਵੇਂ ਉਹ ਸਾਥੀ ਘਰ ਦਾ ਮਾਲਕ ਹੈ ਜਾਂ ਨਹੀਂ ;

- ਜੇ ਨਿਕਟਵਰਤੀ ਸਾਥੀਆਂ ਦੇ ਵਿਚਕਾਰ ਜਾਂ ਘਰ ਵਿੱਚ ਹਿੰਸਾ ਹੋਈ ਹੈ, ਅਤੇ ਘਰ ਵਿਚਲੇ ਕਿਸੇ ਵਿਅਕਤੀ ਦੀ ਨੁਕਸਾਨ ਤੋਂ ਰੱਖਿਆ ਕਰਨ ਵਾਸਤੇ ਐਮਰਜੈਂਸੀ ਹੈ, ਤਾਂ ਅਦਾਲਤ ਇੱਕ **ਐਮਰਜੈਂਸੀ ਪ੍ਰੋਟੈਕਸ਼ਨ ਆਰਡਰ** (**Emergency Protection Order**) ਬਣਾ ਸਕਦੀ ਹੈ ਜਿਹੜਾ ਕਹਿੰਦਾ ਹੈ ਕਿ ਇੱਕ ਸਾਥੀ ਨੂੰ 90 ਦਿਨਾਂ ਲਈ ਪਰਿਵਾਰਕ ਘਰ ਵਿੱਚ ਰਹਿਣ ਦਾ ਹੱਕ ਹੈ, ਭਾਵੇਂ ਉਹ ਸਾਥੀ ਘਰ ਦਾ ਮਾਲਕ ਹੈ ਜਾਂ ਨਹੀਂ, ਅਤੇ ਦੂਸਰੇ ਸਾਥੀ ਲਈ ਦੂਰ ਰਹਿਣਾ ਜਰੂਰੀ ਹੈ।

*ਰਿਜ਼ਰਵਾਂ ਤੇ ਪਰਿਵਾਰਕ ਜਾਇਦਾਦ ਬਾਰੇ ਹੋਰ ਜਾਣਕਾਰੀ ਲਈ, ਆਦਿਵਾਸੀ (Indigenous)ਔਰਤਾਂ ਵਾਸਤੇ ਫਲਿਊ (FLEW) ਕਿਤਾਬਚਾ, "ਪਰਿਵਾਰਕ ਕਾਨੂੰਨ ਵਿੱਚ ਸੰਪਤੀ ਦਾ ਵਿਭਾਜਨ ਕਿਵੇਂ ਕੀਤਾ ਜਾਂਦਾ ਹੈ" ,ਦੇਖੋ। ਤੁਸੀਂ ਸਾਡਾ ਵੈਬੀਨਾਰ, "ਪ੍ਰੋਟੈਕਟਿੰਗ ਵਿਮਿੰਨਜ਼ ਰਾਇਟਸ ਟੂ ਦ ਫੈਮਲੀ ਹੋਮ ਆਨ ਰਿਜ਼ਰਵ" ਵੀ ਦੇਖ ਸਕਦੇ ਹੋ। ਇਹ ਸਾਰੇ ਸਾਧਨ www.onefamilylaw.ca ਤੇ ਸਾਡੀ ਵੈੱਬਸਾਇਟ ਤੇ ਹਨ।*

ਇੰਨ੍ਹਾਂ ਸਮੱਗਰੀਆਂ ਵਿੱਚ ਵਿਅਕਤ ਕੀਤੇ ਗਏ ਵਿਚਾਰ ਫਲਿਊ (FLEW) ਦੇ ਹਨ ਅਤੇ ਜਰੂਰੀ ਨਹੀਂ ਕਿ ਉਹ ਪ੍ਰਾਂਤ ਦੇ ਵਿਚਾਰਾਂ ਨੂੰ ਪ੍ਰਤੀਬਿੰਬਤ ਕਰਨ।

ਹਾਲਾਂਕਿ ਲਾਅ ਫਾਉਂਡੇਸ਼ਨ ਆਫ ਓਨਟਾਰਿਓ ਦੁਆਰਾ ਇਸ ਨੂੰ ਮਾਲੀ ਸਹਾਇਤਾ ਦਿੱਤੀ ਗਈ ਹੈ, ਜਰੂਰੀ ਨਹੀਂ ਕਿ ਇਸ ਪ੍ਰਕਾਸ਼ਨ ਦਾ ਵਿਸ਼ਾ ਵਸਤੂ ਫਾਉਂਡੇਸ਼ਨ ਦੇ ਵਿਚਾਰਾਂ ਨੂੰ ਪ੍ਰਤੀਬਿੰਬਤ ਕਰੇ।

**ਹਿੰਸਾ ਦਾ ਖਤਰਾ ਉਸ ਵੇਲੇ ਵੱਧ ਹੁੰਦਾ ਹੈ ਜਦੋਂ ਇੱਕ ਨਿਕਟਵਰਤੀ ਰਿਸ਼ਤਾ ਖਤਮ ਹੋ ਰਿਹਾ ਹੁੰਦਾ ਹੈ। ਜੇ ਤੁਹਾਨੂੰ ਫੌਰੀ ਖਤਰਾ ਹੈ, ਤਾਂ 911 ਨੂੰ ਫੋਨ ਕਰੋ। ਜੇ ਤੁਹਾਨੂੰ ਜਾਂ ਤੁਹਾਡੇ ਕਿਸੇ ਜਾਣਨ ਵਾਲੇ ਨੂੰ ਖਤਰਾ ਹੈ, ਤਾਂ ਸਹਾਰਾ ਪ੍ਰਾਪਤ ਕਰਨ ਬਾਰੇ ਜਾਣਕਾਰੀ ਵਾਸਤੇ ਫਲਿਊ (FLEW) ਵੈੱਬਸਾਇਟ ਤੇ ਜਾਓ।**

ਜੇ ਤੁਸੀਂ ਓਨਟਾਰਿਓ ਵਿੱਚ ਰਹਿ ਰਹੀ ਫਰੈਂਚ ਬੋਲਣ ਵਾਲੀ (francophone) ਔਰਤ ਹੋ, ਤਾਂ ਤੁਹਾਨੂੰ ਪਰਿਵਾਰਕ ਕਾਨੂੰਨ ਦੀਆਂ ਅਦਾਲਤੀ ਕਾਰਵਾਈਆਂ ਲਈ ਫਰੈਂਚ ਭਾਸ਼ਾ ਵਿੱਚ ਸੇਵਾਵਾਂ ਤੱਕ ਪਹੁੰਚ ਹਾਸਲ ਕਰਨ ਦਾ ਹੱਕ ਹੈ। ਆਪਣੇ ਹੱਕਾਂ ਬਾਰੇ ਜਾਣਕਾਰੀ ਲਈ ਇੱਕ ਵਕੀਲ, ਕਮਿਊਨਿਟੀ ਲੀਗਲ ਕਲੀਨਿਕ ਜਾਂ 1-877-336-243, ਟੀਟੀਵਾਏ 1-866-860-7082 ਤੇ ਫੇਮਏਡ (Femaide) ਸਪੋਰਟ ਲਾਇਨ ਨਾਲ ਸੰਪਰਕ ਕਰੋ।

ਤੁਸੀਂ ਫਰੈਂਚ ਵਿੱਚ ਸੇਵਾਵਾਂ ਕਿਵੇਂ ਪ੍ਰਾਪਤ ਕਰਨੀਆਂ ਹਨ ਬਾਰੇ ਹੋਰ ਜਾਣਕਾਰੀ www.onefamilylaw.ca ਤੇ ਸਾਡੀ ਵੈੱਬਸਾਇਟ ਤੇ ਜਾਂ www.undroitdefamille.ca ਤੇ ਲੱਭ ਸਕਦੇ ਹੋ।

## ਪੰਜਾਬੀ* ਵਿੱਚ ਉਪਲਬਧ ਪਰਿਵਾਰਕ ਕਾਨੂੰਨ ਦੇ ਵਿਸ਼ੇ

1. ਝਗੜਿਆਂ ਦਾ ਬਦਲਵਾਂ ਹੱਲ ਅਤੇ ਪਰਿਵਾਰਕ ਕਾਨੂੰਨ (PJB 001)
2. ਬੱਚਿਆਂ ਦੀ ਰੱਖਿਆ ਅਤੇ ਪਰਿਵਾਰਕ ਕਾਨੂੰਨ (PJB 002)
3. ਬੱਚਿਆਂ ਲਈ ਮਾਲੀ ਸਹਾਇਤਾ (PJB 003)
4. ਫੌਜਦਾਰੀ ਅਤੇ ਪਰਿਵਾਰਕ ਕਾਨੂੰਨ (PJB 004)
5. ਬੱਚਿਆਂ ਦੀ ਕਸਟਡੀ ਅਤੇ ਉਨ੍ਹਾਂ ਤੱਕ ਪਹੁੰਚ (PJB 005)
6. ਘਰੇਲੂ ਇਕਰਾਰਨਾਮੇ (PJB 006)
7. ਪਰਿਵਾਰਕ ਕਾਨੂੰਨ ਵਿੱਚ ਸਾਲਸੀ (PJB 007)
8. ਪ੍ਰਵਾਸੀ, ਰਫ਼ਿਊਜੀ ਅਤੇ ਗੈਰ-ਰੁਤਬਾ ਔਰਤਾਂ ਲਈ ਪਰਿਵਾਰਕ ਕਾਨੂੰਨ ਸੰਬੰਧੀ ਮਸਲੇ (PJB 008)
9. ਪਰਿਵਾਰਕ ਕਾਨੂੰਨ ਨਾਲ ਸੰਬੰਧਤ ਤੁਹਾਡੀ ਸਮੱਸਿਆ ਲਈ ਸਹਾਇਤਾ ਲੱਭਣਾ (PJB 009)
10. **ਪਰਿਵਾਰਕ ਕਾਨੂੰਨ ਵਿੱਚ ਸੰਪਤੀ ਦਾ ਵਿਭਾਜਨ ਕਿਵੇਂ ਕੀਤਾ ਜਾਂਦਾ ਹੈ (PJB 010)**
11. ਵਿਆਹ ਅਤੇ ਤਲਾਕ (PJB 011)
12. ਪਤੀ ਜਾਂ ਪਤਨੀ ਲਈ ਮਾਲੀ ਸਹਾਇਤਾ (PJB 012)

* *ਇਹ ਕਿਤਾਬਚਾ ਅਨੇਕ ਫਾਰਮੈਟਾਂ ਅਤੇ ਭਾਸ਼ਾਵਾਂ ਵਿੱਚ ਉਪਲਬਧ ਹੈ। ਕਿਰਪਾ ਕਰਕੇ ਹੋਰ ਜਾਣਕਾਰੀ ਲਈ www.onefamilylaw.ca ਦੇਖੋ। ਤੁਸੀਂ ਆਪਣੇ ਪਰਿਵਾਰਕ ਕਾਨੂੰਨ ਦੇ ਹੱਕਾਂ ਨੂੰ ਸਮਝਣ ਵਿੱਚ ਸਹਾਇਤਾ ਲਈ ਵੈੱਬਸਾਇਟ ਤੇ ਵਾਧੂ ਸਮੱਗਰੀ ਵੀ ਲੱਭ ਸਕਦੇ ਹੋ।*

flew Family Law Education for Women
Women's Right to Know

fodf Femmes ontariennes et droit de la fami le
Le droit de savoir

The Law Foundation of Ontario

Funded by: / Financé par :
Ontario

The views expressed in these materials are the views of FLEW and do not necessarily reflect the views of the funders.